**ੴ ਸਤਿਗੁਰ ਪ੍ਰਸਾਦਿ ॥**

**ਗੁਰੂ ਸਿਖੁ, ਸਿਖੁ ਗੁਰੂ ਹੈ ਏਕੋ, ਗੁਰ ਉਪਦੇਸੁ ਚਲਾਏ ॥**

**ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥**

ਸੇਵਾ ਵਿਖੇ ਜਥੇਦਾਰ ਸਾਹਿਬ ਸ੍ਰੀ ਅਕਾਲਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ, ਜਨਵਰੀ ੨੭- ੧੯੯੯

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ ॥

ਦਾਸ ਦੀ ਤੁਛ ਬੁੱਧੀ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਾਬਾ ਲਹਿਣਾ ਲਿਖਣਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਹੁਕਮਾਂ ਦੀ, ਉਨ੍ਹਾਂ ਦੀ ਬਖ਼ਸ਼ਸ਼ ਦੀ ਅਥਵਾ ਗੁਰਿਆਈ ਦੀ ਬੇਅਦਬੀ ਹੈ। ਏਵੇਂ ਹੀ ਕਰਤਾਰ ਪੁਰੀ ਬੀੜ ਨੂੰ ਜਾਂ ਕਿਸੇ ਅਜੇਹੀ ਬੀੜ ਨੂੰ ਜਿਸ ਨੂੰ ਦਸ਼ਮੇਸ਼ ਜੀ ਨੇ ਗੁਰਿਆਈ ਨਹੀਂ ਸੌਂਪੀ ਉਸ ਨੂੰ " ਆਦਿ ਗ੍ਰੰਥ ' " ਜਾਂ " ਆਦਿ ਬੀੜ " ਕਿਹਾ ਜਾ ਸਕਦਾ ਹੋਵੇਗਾ, ਪਰ ਗੁਰਿਆਈ ਦੇ ਜੁਗੋ ਜੁਗ ਮਾਲਕ ਸ੍ਰੀ ਗੁਰੂ ਗੰਥ ਸਾਹਿਬ ਨੂੰ " ਆਦਿ ਗ੍ਰੰਥ " ਲਿਖਣਾਂ ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆ ਦੀ ਨਿਰਾਦਰੀ ਕਰਨ ਦਾ ਪਾਪ ਹੈ। ਜੇ ਦਾਸ ਭੁੱਲ ਕਰ ਰਿਹਾ ਹੋਵੇ ਤਾਂ ਸੁਮੱਤ ਬਖ਼ਸ਼ਨੀ। ਕਿਕਿਉਂ:--

(੧) ਪਿਆਰਾ ਸਿੰਘ ਜੀ ਪਦਮ ਦੀ ਪੁਸਤਕ--**ਦਸਮ ਗ੍ਰੰਥ ਦਰਸ਼ਨ**-- ਵਿਚ ਸਤਿਗੁਰਾਂ ਲਈ ' ਆਦਿ ਗ੍ਰੰਥ ' ਜਾਂ ' ਸ੍ਰੀ ਆਦਿ ਗ੍ਰੰਥ ' ਕਈ ਥਾਈਂ ਲਿਖਿਆ ਹੋਇਆ ਹੈ। ਕਈ ਹੋਰ ਲਿਖਾਰੀ ਵੀ ਅਜੇਹਾ ਕਰ ਰਹੇ ਹਨ।

(੨) ਸੰਤ ਸਿਪਾਹੀ ਦੇ ਨਵੰਬਰ ਅੰਕ ਵਿਚ ਪਿਆਰਾ ਸਿੰਘ ਪਦਮ ਦਾ ਹੀ --**ਦਸਮ ਗ੍ਰੰਥ ਦੇ ਅਗਿਆਨੀ** --ਲੇਖ ਛਪਿਆ ਹੈ। ਉਸ ਦੇ ਅਰੰਭ ਵਿਚ ਹੀ " **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਥੇ ਗੁਰੂ ਨਾਨਕ-ਗੱਦੀ ਦੇ ਅੰਤਮ ਵਾਰਿਸ-ਮਹਾਨ ਗੁਰੂ ਸਨ** " ਲਿਖਿਆ ਹੋਇਆ ਹੈ। ਕੀ ਗੁਰੂ ਨਾਨਕ ਸਾਹਿਬ ਦੀ ਗੁਰਿਆ ਨੂੰ ਡੇਰਾ ਵਾਦ ਦੀ ਗੱਦੀ ਤੁੱਲ ਲੈ ਆਉਣਾ ਅਤੇ ਪੰਜ ਭੂਤਕ ਸਰੀਰਾਂ ਵਿਚ ਵਿਚਰਨ ਵਾਲੀ ਖੇਡ ਦਾ ਜਿਕਰ ਕਤੇ ਬਿਨਾਂ, ਗੁਰਿਆ ਦੇ ਜੁਗੋ ਜੁਗੋ ਅਟੱਲ ਮਾਲਕ, ਸ੍ਰੀ

ਗੁਰੂ ਸਾਹਿਬ ਜੀ ਬਜਾਇ ਨਾਨਕ-ਗੱਦੀ ਦੇ ਅੰਤਮ ਵਾਰਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਲਿਖ ਦੇਣਾ, ਕੀ, ਦਸ਼ਮੇਸ਼ ਜੀ ਦੀ ਆਗਿਆ ਦੀ ਅਵੱਗਿਆ ਦੇ ਨਾਲ, ਗੁਰੂ ਇਤਿਹਾਸ ਨੂੰ ਵਿਗਾੜਨ ਵਾਲੀ ਕੋਝੀ ਸ਼ੁਰੂਆਤ ਤੇ ਨਹੀਂ ਹੈ ਜੀ?

ਅਜੇਹੀਆਂ ਲਿਖਤਾਂ ਬਾਰੇ ਆਪ ਜੀ ਵਲੋਂ ਸਪੱਸ਼ਟ ਫ਼ੁਰਮਾਨ ਜਾਰੀ ਹੋ ਜਾਣਾ ਅਤੀ ਜ਼ਰੂਰੀ ਹੈ ਜੀ। ਆਸ ਹੈ ਆਪ ਜੀ ਇਸ ਮਸਲੇ ਵੱਲ ਉਚੇਚਾ ਧਿਆਨ ਦੇਣ ਦੀ ਕਿਰਪਾਲਤਾ ਕਰੋਗੇ। ਜੇ ਦਾਸ ਦਾ ਤੌਖ਼ਲਾ ਨਿਰਮੂਲ ਹੈ ਤਾਂ ਦਾਸ ਵਲ ਸੋਧ-ਪੱਤਰ ਲਿਖਣ ਦੀ ਮਿਹਰ ਕਰ ਦੇਣੀ ਜੀ । ਭੁੱਲ ਚੁੱਕ ਦੀ ਖਿਮਾ।

ਦਾਸ ਗੁਰਬਖ਼ਸ਼ ਸਿੰਘ

**ੴ ਸਤਿਗੁਰ ਪ੍ਰਸਾਦਿ ॥**

**ਕਹੈ ਪ੍ਰਭੁ ਅਵਰੁ ਅਵਰ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**

**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭ ਲੀਓ ਸੁਗਾਨਿ ਥੂਕ ਮੁਖਿ ਪਈਆ ॥ ੭ ॥**

ਅਗਸਤ ੧੧ ੧੯੯੯

ਵਿਸ਼ਾ--**(ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਸਦੀਵੀ ਪ੍ਰਗਟ ਰੂਪ-) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਦੀ ਦੁਹਾਈ-**

ਸੇਵਾ ਵਿਖੇ ਸਿੰਘ ਸਾਹਿਬ ਰਣਜੀਤ ਸਿੰਘ ਜੀ ਜਥੇਦਾਰ ਸ੍ਰੀ ਅਕਾਲਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ,

ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਿਹ ॥

**(੧)** ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਆਪੇ ਦੀ ਪੜਤਾਲ ਕਰਦਾ ਰਹਿਣ ਵਾਲਾ ਮਨੁੱਖ ਪਛਤਾਵੇ ਦੀ ਅੱਗ ਵਿਚ ਸੜਨੋ ਬਚ ਰਹਿੰਦਾ ਹੈ--**ਆਪੁ ਵੀਚਾਰਿ ਨ ਰੋਵੈ ਕੋਈ ॥ ਅਤੇ ਆਪਣੇ ਆਪੇ ਦੀ ਪਛਾਣ ਕਰਦੇ ਰਹਿਣ ਵਾਲਾ ਮਨੁੱਖ ਵਡੇ ਤੋਂ ਵੱਡਾ ਹੁੰਦਾ ਜਾਂਦਾ ਹੈ--ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥੮॥** ੧੯੮੩ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨਾਨਕ ਨਿਵਾਸ ਵਿਚ ਹੀ ਟਿਕੇ ਰਹਿਣ ਦਾ ਸਮਾ ਮਿਲ ਜਾਨ ਕਾਰਨ ਹਿਰਦੇ ਵਿਚ ਬਣੇ ਪਿਆਰ ਅਤੇ ਸਤਿਕਾਰ ਕਾਰਨ ਅਤੇ ਆਪ ਜੀ ਵਲੋਂ ਮਿਲੇ ਪੱਤਰ **No:: 443/A/98** ਦੇ ਅਧਾਰ ਤੇ ਇਹ ਨਿਮਾਣਾ ਦਾਸ ਆਪ ਜੀ ਨਾਲ ਨਿਰੋਲ ਨਿੱਜੀ ਵਾਤਾਵਰਨ ਵਿਚ ਆਪਾ ਫ਼ੋਲਣ ਦੀ ਗੱਲ ਕਰਨ ਦੀ ਦਲੇਰੀ ਕਰ ਰਿਹਾ ਹੈ।

ਅਸਲ ਬੇਨਤੀਆਂ ਅਰੰਭ ਕਰਨ ਤੋਂ ਪਹਿਲਾਂ ਦਾਸ ਨੂੰ ਇਹ ਸਮਝਾ ਦੇਣ ਦੀ ਮਿਹਰ ਕਰ ਦਿਉ:--

(੧) ਕੀ, ਵਾਕਿਆ ਹੀ ਦਸ਼ਮੇਸ਼ ਜੀ ਨੇ ਪੰਥ ਨੂੰ ਅਥਵਾ ਪੰਜ ਪਿਆਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਵਾਂਗ ਹੀ ਬਾਕਾਇਦਾ ਗੁਰਿਆਈ ਦੀ ਸਦੀਵੀ ਬਖ਼ਸ਼ਸ਼ ਕਰ ਦਿੱਤੀ ਸੀ ?

(੨) ਕੀ, ਇਹ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਰਹਿਣ ਵਿਚ ਹੈ ਕਿ ਜਾਂ ਸੁਤੰਤਰ ਹੈ ? ਕੀ, ਪੰਥ ਨੂੰ ਜਾਂ ਪੰਜ ਪਿਆਰਿਆਂ ਨੂੰ ਗੁਰਬਾਣੀ ਦੀ ਪਾਲਣਾ ਕਰਨ ਦੀ ਕੋਈ ਪਾਬੰਦੀ ਨਹੀਂ ?

(੩) ਜੇ ਪੰਥ ਦੀ ਗੁਰਿਆਈ ਸੁਤੰਤਰ ਹੈ ਤਾਂ ਫਿਰ ਸ੍ਰੀ ਗੁਰੂ ਨਾਨਕ ਜੀ ਦਾ ਸਿੱਖ, ਅਜੇਹੇ ਗੁਰੁ ਦੇ ਹੁਕਮਾਂ ਦੀ ਪਾਲਣਾ ਕਰਨ ਦਾ ਪਾਬੰਦ ਕਿਵੇਂ ਰਹਿ ਗਿਆ ? ਗੁਰਬਾਣੀ ਵਿਚ ਪੰਥ-ਗੁਰੁ ਦੇ ਹੁਕਮ ਦੀ ਪਾਲਣਾ ਦੀ ਕੋਈ ਗੱਲ ਨਹੀਂ ਹੈ ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਗਿਆ

ਮੰਨਣ ਦੇ ਅਨੇਕ ਸ਼ਬਦ ਹਨ। ਉਦਾਹਰਣ ਵਜੋਂ--**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥**

(੪) ਗੁਰਸਿੱਖ ਗੁਰੂ ਦਾ ਰੂਪ ਕੇਵਲ ਤੱਦ ਹੀ ਹੈ ਜੇ ---

**ਗੁਰੂ ਸਿਖੁ, ਸਿਖੁ ਗੁਰੂ ਹੈ ਏਕੋ, ਗੁਰ ਉਪਦੇਸੁ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥**

ਇਸ ਲਈ ਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜੋਕੀ ਜਥੇਦਾਰੀ ਅਥਵਾ ਪੰਜ ਪਿਆਰੇ ਇੱਕ ਸੁਤੰਤਰ ਅਤੇ ਅੱਡਰੇ ਗੁਰੂ ਬਣ ਚੁੱਕੇ ਹਨ ਅਤੇ ਗੁਰਉਪਦੇਸ਼ ਨੂੰ ਅੱਗੇ ਤੋਂ ਅੱਗੇ ਚਲਾਉਣ ਦੇ ਥਾਂ ਆਪਣੇ ਨਿੱਜੀ ਹੁਕਮ ਚਲਾਉਣ ਦੇ ਅਧਿਕਾਰੀ ਬਣ ਚੁੱਕੇ ਹਨ ਤਾਂ ਇਸ ਜੋਦੜੀ ਪੱਤਰ ਨੂੰ ਪੜ੍ਹਨ ਦੀ ਕੀ ਲੋੜ ? ਫਿਰ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਆਪਣੇ ਥਾਂ ਸੁਤੰਤਰ ਹਨ, ਉਹ ਤੁਹਾਡੀ ਗੁਰਿਆਈ ਨੂੰ ਮੰਨਣ ਜਾਂ ਨਾਂ ਮੰਨਣ । ਕਿਉਂਕਿ ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦੇ ਮਾਲਕ ਸ੍ਰੀ ਦਸਮੇਸ਼ ਜੀ ਨੇ ਗੁਰੂ ਮਰਯਾਦਾ ਦੀ ਪਾਵਨਤਾ ਸਥਿਰ ਰੱਖਣ ਲਈ ਗੁਰੂ ਚੇਲੇ ਦੇ ਰਿਸ਼ਤੇ ਵਿਚ ਇਹ ਅਧਿਕਾਰ ਵੀ ਸ਼ਾਮਲ ਕਰ ਦਿੱਤਾ ਸੀ--ਦਾਦੂ ਦੀ ਕਬਰ ਵੱਲ (ਗੁਰਮਤਿ ਵਿਰੋਧੀ ਕਰਮ ਕਰਦਿਆਂ) ਤੀਰ ਝੁਕਾਉਣ ਵਾਲੇ ਆਪਣੇ ਪਿਆਰੇ ਸਤਿਗੁਰੂ ਜੀ ਨੂੰ ਵੀ ਸੱਚਾ ਗੁਰਸਿੱਖ ਤਨਖਾਹੀਆ ਘੋਸ਼ਤ ਕਰ ਸਕਦਾ ਹੈ।

---

**ਜੇ ਆਪ ਜੀ ਜਾਂ ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਤਾਬਿਆ ਹਨ, ਅਤੇ ਉਹ ਸਾਡੇ ਗੁਰਭਾਈ ਹੀ ਹਨ ਤਾਂ ਆਪ ਜੀ ਦੇ ਚਰਨਾਂ ਵਿਚ ਸਨਿਮਰ ਬੇਨਤੀਆਂ ਇਸ ਪ੍ਰਕਾਰ ਹਨ:--**

ਸ਼ਾਇਦ ਆਪ ਜੀ ਨੂੰ ਯਾਦ ਹੋਵੇ ਕਿ, ਜਥੇਦਾਰੀ ਵਾਲੀ ਇਹ ਪਾਵਨ ਸੇਵਾ ਸੰਭਾਲਣ ਤੋਂ ਕੁਝ ਦਿਨ ਪਹਿਲਾਂ ਦਾਸ ਨੇ ਆਪ ਜੀ ਦੀ ਸੇਵਾ ਵਿਚ ਇੱਕ ਪੱਤਰ ਜੋ ਮਿਤੀ ੭ ਦਸੰਬਰ ੧੯੯੬ ਨੂੰ ਲਿਖਿਆ ਸੀ, ਕੈਨੇਡਾ ਤੋਂ ਆਏ ਉਚੇਚੇ ਗੁਰਸਿੱਖ ਦੇ ਹੱਥੀਂ ਆਪ ਜੀ ਤੱਕ ਪੁਚਾਇਆ ਸੀ। ਉਸ ਪੱਤਰ ਨੂੰ ਜੇ ਅੱਜ ਪੜ੍ਹ ਕੇ ਵਿਚਾਰੋ ਤਾਂ ਆਪ ਜੀ ਦੀ ਤਸੱਲੀ ਹੋ ਜਾਵੇਗੀ ਕਿ ਜੋ ਕੁਝ ਦਾਸ ਨੇ ਉਸ ਸਮੇ ਲਿਖਿਆ ਸੀ ਅੱਜ ਉਹ ਸੱਚ ਸਿੱਧ ਹੋ ਰਿਹਾ ਹੈ। ਸੱਚ ਕਹਿਣ ਨਾਲੋ ਕਈ ਵਾਰੀ ਸੱਚ ਸੁਣਨਾ ਬੜਾ ਔਖਾ ਹੋ ਜਾਂਦਾ ਹੈ। ਪਰ ਕਿਉਂਕਿ ਆਪ ਜੀ ਜਿੱਡੀ ਮਹਾਨ ਪਦਵੀ ਤੇ ਬਿਰਾਜਮਾਨ ਹੋ ਚੁੱਕੇ ਹੋ ਆਸ ਹੈ ਕਿ ਸੱਚ ਸੁਣ ਕੇ ਵਿਚਾਰ ਕਰਨ ਵਾਲਾ ਉਡਾ ਹੀ ਵੱਡਾ ਜਿਗਰਾ ਵੀ, ਦਾਤਾਰ ਨੇ ਜ਼ਰੂਰ ਬਖ਼ਸ਼ਸ਼ ਕਰ ਦਿੱਤਾ ਹੋਵੇਗਾ--ਗੁਰੂ ਫ਼ੁਰਮਾਨ--

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥ ੬ ॥**

**(੨) ਪਿਛੋਕੜ ਵੱਲ ਝਾਤੀ:**-- ੧੯੯੬ ਵਿਚ ਦਾਸ ਡੈਲਟਾ ਦਾ ਵਾਸੀ ਸੀ । ਮਨਮਤੀਏ ਅਸਿਖਾਂ ਵਾਲੀ ਸੋਚ ਨੇ ੧੯੮੮ ਤੋਂ ਲੰਗਰ ਵਿਚਲੀਆਂ ਕੁਰਸੀਆਂ ਬਾਰੇ ਜਿਹੜੀ ਅੱਗ ਸੁਲਘਾਈ ਸੀ, ੧੯੯੬ ਦੇ ਅੰਤ ਤੱਕ ਭਾਂਬੜ ਬਣ ਗਈ। ਉਸ ਝਗੜੇ ਵਿਚ ਦਾਸ ਨੂੰ ਵੀ ਹਿੱਸੇਦਾਰ ਬਣਨਾ ਪਿਆ। ਆਪ ਜੀ ਵਲੋਂ ਜਾਰੀ ਹੋਏ ਫ਼ੁਰਮਾਨਾਂ ਦੇ ਉਤਾਰੇ ਦਾਸ ਕੋਲ ਪੁੱਜਦੇ ਰਹੇ। ਫਿਰ ਚੋਣਾ ਵਿਚ ਬਲਵੰਤ ਸਿੰਘ ਗਿੱਲ ਦੀ ਜਿੱਤ ਹੋ ਗਈ । ਭਾਵੇਂ ਵਕਤੀ ਤੌਰ ਤੇ ਹੀ ਸੀ, ਪਰ ਆਪ ਜੀ ਵਲੋਂ ਦਖ਼ਲ ਅੰਦਾਜ਼ੀ ਬੰਦ ਹੋ ਜਾਣ ਤੇ ਲੋਕਾਂ ਨੇ ਸੁਖ ਸ਼ਾਂਤੀ ਦਾ ਮਹੌਲ ਮਾਣਿਆਂ। ਪਰ ਦਾਸ ਦੇ ਮਨ ਵਿਚ ਸ਼ੰਕਾ ਸੀ ਕਿ ਸ਼ਾਂਤੀ ਦੇ ਇਹ ਦਿਨ ਜ਼ਰੂਰ ਸੁਪਨਾ ਹੋ ਜਾਣੇ ਹਨ। ਦਾਸ ਆਪਣੀ ਰਿਹਾਇਸ਼ ਵੈਨਕੂਵਰ ਲੈ ਗਿਆ। ਜਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਨ ਤੱਕ ਜ਼ਮੀਨ ਤੇ ਬੈਠ ਕੇ ਲੰਗਰ ਛਕਣ ਦੇ **ਅਭਿਆਸ** ਕਰ ਲੈਣ ਦੇ ਹੁਕਮਨਾਮੇ ਦੀ ਗਰਜਨਾ ਸੁਣੀ ਤਾਂ ਅਰੰਭ ਹੋਣ ਵਾਲੇ ਭੇੜ ਤੋਂ ਦੂਰ ਰਹਿਣ ਦਾ ਮਨ ਬਣਾ ਕੇ ਵੈਨਕੂਵਰ ਤੋਂ ਵੀ ਖਿਸਕ ਤੁਰਿਆ। ਅਚਨਚੇਤ ਇੱਕ ਦਿਨ ਗੁਰਮੁਖਿ ਪਿਆਰੇ **ਹਰਕੀਰਤ ਸਿੰਘ ਦਾ** ਫ਼ੋਨ ਆਇਆ। ਉਸ ਦਾ ਪ੍ਰਸ਼ਨ ਸੀ--“ ਕੀ, ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਵੱਡਾ ਹੈ ਕਿ ਜਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਜੀ ਦਾ ? ਦਾਸ ਨੂੰ ਯਕੀਨ ਹੈ ਕਿ ਤੁਹਾਡਾ ਆਪਣਾ ਉੱਤਰ ਵੀ ਏਹੋ ਹੁੰਦਾ--“ ਜਥੇਦਾਰੀ ਦੇ ਅਜੇਹੇ ਲੱਖਾਂ ਕ੍ਰੋੜਾਂ ਰੁਤਬੇ ਵੀ ਸਤਿਗੁਰਾਂ ਦੀ ਬਰਾਬਰੀ ਨਹੀਂ ਕਰ ਸਕਦੇ ”। ਹਰਕੀਰਤ ਸਿੰਘ ਦਾ ਦੂਜਾ ਪ੍ਰਸ਼ਨ ਸੀ-- ਫਿਰ ਕੀ ਜਥੇਦਾਰ ਜੀ ਦੇ ਹੁਕਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਥਵਾ ਗੁਰੂ ਸੰਗਤਿ ਦੀ ਸੇਵਾ ਤਿਆਗ ਦੇਣੀ ਚਹੀਦੀ ਹੈ ? ”

**(੩)** ਦਾਸ ਦੇ ਸਿਰ ਤੇ ਜਿਵੇਂ ਬੰਬ ਫਟ ਗਿਆ । ਇਹ ਕੀ ਹੋਇਆ ? ਜਥੇਦਾਰ ਸਾਹਿਬ ਨੇ ਅਜੇਹੀ ਸਥਿਤੀ ਪੈਦਾ ਕਰ ਦਿੱਤੀ ਹੈ ? ਕੀ, ਅਜੇਹੀ ਘੜੀ ਆ ਬਣੀ ਹੈ ਕਿ ਸੂਝਵਾਨ ਵਿਦਵਾਨਾਂ ਲਈ ਹੁਣ ਸਤਿਗੁਰੂ ਜੀ ਅਤੇ ਜਥੇਦਾਰ ਜੀ, ਦੋਹਾਂ ਵਿਚੋਂ ਕਿਸੇ ਇੱਕ ਦੀ ਚੋਣ ਕਰਨੀ ਪੈ ਗਈ ? ਸਿੱਖ ਪੰਥ ਲਈ ਇਸ ਤੋਂ ਵਡੀ ਬਦਕਿਸਮਤੀ ਦਾ ਸਮਾ ਹੋਰ ਕੀ ਆਉਣਾ ਹੈ? ਯਕੀਨ ਨਾ ਆਵੇ--ਇਹ ਕਦੇ ਨਹੀਂ ਹੋ ਸਕਦਾ ਕਿ ਜਥੇਦਾਰ ਜੀ ਸਤਿਗੁਰਾਂ ਨਾਲੋਂ ਵਡੇ ਬਣ ਬੈਠੇ ਹੋਣ ?

## ਅੱਜ ਦੀ ਹਾਲਤ --

**(੪)** ਇਸ ਚਿੱਠੀ ਦੇ ਨਾਲ ਨਥੀ ਅਖ਼ਬਾਰਾਂ ਦੀਆਂ ਟੂਕਾਂ (ਲਾਲ ਸਿਆਹੀ ਨਾਲ ਲੱਗੇ ਨੰਬਰ ੧ ਅਤੇ ੨) ਪੁਕਾਰ ਪੁਕਾਰ ਕੇ ਦੋਹਾਈ ਦੇ ਰਹੀਆਂ ਹਨ ਕਿ, ਰੌਸ ਸਟਰੀਟ ਗੁਰੂ ਦੁਆਰਿਆਂ ਵਿਚ ਬਿਰਾਜਮਾਨ, ਸਤਿਗੁਰੂ ਨਾਨਕ ਸਾਹਿਬ ਜੀ ਦੇ ਸਦੀਵੀ ਪ੍ਰਕਾਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਨਿਰਾਦਰੀ ਹੋ ਰਹੀ ਹੈ। ਕਾਰਨ ਕੇਵਲ ਇਹ ਕਿ, ਜਿਹੜਾ ਧੜਾ ਇਨ੍ਹਾਂ ਗੁਰਦੁਆਰਿਆਂ ਤੇ (ਸਰੀ ਅਤ ਰੌਸ ਸਟਰੀਟ) ਧੱਕੇ ਨਾਲ ਕਾਬਜ਼ ਹੋਈ ਰਹਿਣਾ ਆਪਣਾ ਧਰਮ ਮੰਨ ਚੁੱਕਾ ਹੈ, ਉਹ ਧੜਾ ਉਨ੍ਹਾਂ ਗੁਰਸਿੱਖਾਂ ਨੂੰ ਜੋ ਭਾਵੇਂ ਬਹੁ ਸਮਤੀ ਵਿਚ ਹੀ ਹਨ, ਗੁਰਦੁਆਰੇ ਦੇ ਪ੍ਰਬੰਧ ਵਿਚ ਇਸ ਕਾਰਨ ਹਿੱਸਾ ਨਹੀਂ ਲੈਣ ਦੇਣਾ ਚਾਹੁੰਦਾ ਕਿਉਂਕਿ ਉਸ ਧੜੇ ਦੇ ਕਿਸੇ ਸੇਵਾਦਾਰ ਨੂੰ **ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਨੇ ਪੰਥ ਵਿਚੋਂ ਖ਼ਾਰਜ ਕਰ ਦੇਣ ਦਾ ਹੁਕਮ ਸਾਦਰ ਫ਼ੁਮਾਇਆ ਹੈ।**

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

**(੫)** ਉਹ ਅਜੇਹੇ ਕਥਾ-ਕਾਰ ਨੂੰ ਸਤਿਗੁਰਾਂ ਦੇ ਦਰਬਾਰ ਵਿਚ ਕਥਾ ਕੀਰਤਨ ਨਹੀਂ ਕਰਨ ਦਿੰਦੇ ਜਿਸ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦਾ ਹੁਕਮ ਹੋ ਚੁੱਕਾ ਹੈ ? ਸਤਿਗੁਰਾਂ ਦੇ ਦਰਬਾਰ ਪ੍ਰਤੀ ਹੁਕਮ ਜਾਰੀ ਕਰਨ ਵਾਲਾ ਕੀ ਸਤਿਗੁਰ ਨਾਲੋਂ ਉੱਚੀ ਪਦਵੀ ਵਾਲਾ ਹੈ ? ਹੈਰਾਨੀ ਹੈ ਕਿ ਕੀ, ਸਤਿਗੁਰਾਂ ਦੀ ਹਜ਼ੂਰੀ ਦੀ ਜ਼ਰਾ ਜਿੰਨੀ ਵੀ ਪਰਵਾਹ ਨਾ ਕਰਦਿਆਂ, ਗੁਰੂ ਦਰਬਾਰ ਵਿਚ ਸ਼ੋਰ ਸ਼ਰਾਬਾ ਕਰਨਾ ਅਤੇ ਕੁਬਚਨ ਬੋਲਣੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਜਥੇਦਾਰੀ ਦੀ ਸੇਵਾ ਮੰਨੀ ਜਾਣ ਲੱਗ ਪਈ ? ਸਤਿਗੁਰਾਂ ਦੀ ਸੇਵਾ ਬੰਦ। ਕੌਨ ਕਰੇ ਸੁਖ ਆਸਣ ਅਤੇ ਕੌਣ ਕਰੇ ਚੌਰ ? ਸਤਿਗੁਰਾਂ ਵਾਸਤੇ ਨਜ਼ਰਬੰਦੀ ਵਾਲੀ ਸਥਿਤੀ ? ਅਜੇਹੀ ਘੋਰ ਬੇਅਦਬੀ ਵਾਲੀਆਂ ਅਤੇ ਖ਼ਾਲਸਾ ਪੰਥ ਦੀ ਘੋਰ ਬਦਨਾਮੀ ਵਾਲੀਆਂ ਖ਼ਬਰਾਂ ਵਿਦੇਸ਼ੀ ਅਖ਼ਬਾਰਾਂ ਵਿਚ ਛਪਦੀਆਂ ਵੇਖ ਸੁਣ ਕੇ ਹਰਿ ਇੱਕ ਸੂਝਵਾਨ ਸੁਹਿਰਦ ਗੁਰਸਿੱਖ ਦਾ ਹਿਰਦਾ ਕੁਰਲਾ ਉਠਣਾ ਸੁਭਾਵਕ ਹੈ । ਅਜੇਹੀ ਜੀਉਣੀ ਨਾਲੋਂ ਮੌਤ ਕਿਵੇਂ ਨਾ ਚੰਗੀ ਲੱਗਣ ਲੱਗ ਪਏ ?

**(੬)** ਨਵੀਂ ਕਿਸਮ ਦੀ ਫੁੱਟ ਦਾ ਬੀਜ ਜੋ ਪੰਥ ਵਿਚ ਬੀਜਿਆ ਜਾ ਚੁਕਿਆ ਹੈ ਇਸ ਨੇ ਵਧ ਕੇ ਰੁੱਖ ਬਣਨਾ ਹੈ। ਲੜਾਈ ਝਗੜਿਆਂ ਤੋਂ ਟੱਪ ਕੇ ਆਪਸ ਵਿਚ ਕਤਲਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਰਹਿਣਾ ਹੈ। ਸਤਿਗੁਰੂ ਨਾਨਕ ਸਾਹਿਬ ਜੀ ਦੀ ਘੋਰ ਬੇਅਦਬੀ ਕਰੀ ਜਾਣ ਦੀ ਖੁਲ੍ਹ ਵਰਤ ਰਹੀ ਹੈ । ਇਸ ਸਾਰੀ ਸਥਿਤੀ ਦੇ ਪੈਦਾ ਹੋ ਜਾਣ ਦਾ ਡਰ, ਦਾਸ ਨੇ ਆਪ ਜੀ ਦੀ ਸੇਵਾ ਵਿਚ ੭ ਦਸੰਬਰ ੧੯੯੬ ਨੂੰ ਲਿਖੀ ਉਪ੍ਰੋਕਤ ਵਰਨਣ ਚਿੱਠੀ ਦੁਆਰਾ ਪਹਿਲਾਂ ਹੀ ਪ੍ਗਟ ਕਰ ਦਿੱਤਾ ਸੀ । (**ਸਬੱਬ ਨਾਲ ਉਸ ਵਿਚਲੇ ਸੰਬਧਤ ਪੈਰਾ ਦਾ ਨੰਬਰ ਵੀ ੬ ਹੀ ਹੈ।**
ਆਪਣੇ ਦਫ਼ਤਰ ਵਿਚੋਂ ਉਹ ਚਿੱਠੀ ਘਢਵਾ ਕੇ ਪੜ੍ਹ ਲਵੋ--ਉਹ ਪੈਰਾ ਇਸ ਪਰਕਾਰ ਹੈ---

੬-: ਪ੍ਰੋਫੈਸਰ ਸ਼ੇਰ ਸਿੰਘ ਜੀ ਐਮ . ਏ . ਪੀ . ਐਚ . ਡੀ . (ਲੰਡਨ) ਦੀ ਲਿਖੀ ਪੁਸਤਕ ' ਗੁਰਮਤਿ ਦਰਸ਼ਨ, S.G.P.C. ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਕ ਕੀਤੀ ਹੈ । ਉਸ ਦੇ ੭੨ ਸਫ਼ੇ ਤੇ ਇਹ ਬਚਨ ਲਿਖੇ ਹੋਏ ਹਨ--

**" ਇਹ ਤਾਂ ਸੰਭਵ ਹੈ ਕਿ ਬਾਬਾ ਬੰਦਾ ਬਹਾਦਰ ਵੇਲੇ ਕੁਝ ' ਅਦਲੇ ਕਾ ਬਦਲਾ " ਵਾਲੀ ਪਾਲਿਸੀ ਖ਼ਾਲਸੇ ਨੇ ਅਖ਼ਤਿਆਰ ਕਰ ਲਈ ਹੋਵੇ ਪਰੰਤੂ, ਗੁਰੂ ਸਹਿਬਾਂ ਦੇ ਸਮੇਂ ਨਾ ਤਾਂ ਆਦਰਸ਼ ਵਿਚ ਤੇ ਨਾ ਉਸ ਦੀ ਅਮਲੀ ਵਰਤੋਂ ਵਿਚ ਕੋਈ ਊਣਤਾਈ ਦਿਸਦੀ ਹੈ "।**

ਅੱਜ ਤੁਹਾਡੀ ਪਦਵੀ ਵੀ ਬਾਬਾ ਬੰਦਾ ਸਿੰਘ ਜੀ ਨਾਲੋਂ ਘਟ ਨਹੀਂ ਹੈ । **ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ।** ਪੰਥ ਤੇ ਬੜਾ ਉਪਕਾਰ ਹੋਵੇਗਾ ਜੇ ਆਪ ਜੀ ਇਸ ਮਸਲੇ ਤੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਸਮਾ ਕੱਢ ਸਕੋ। ਕਿਸੇ ਵੀ ਦਲੀਲ ਨਾਲ ਇਸ ਸਚਾਈ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਖ਼ਾਲਿਸਤਾਨ ਦੀ ਪ੍ਰਾਪਤੀ ਦੇ ਨਾ ਹੇਠ, **" ਬੇਮੁਹਾਰੇ ਸੰਘਰਸ਼ "** ਵਿਚਲੇ, ਕਾਇਰਾਂ ਵਾਲੇ ਕਈ ਕਾਰਿਆਂ ਦੇ ਕਾਰਨ, ਖ਼ਾਲਸਾ ਜੀ ਦਾ ਉਜਲ ਮੁੱਖ ਹੋਰ ਵੀ ਵੱਧ ਮੈਲਾ ਹੋਇਆ ਹੈ । ਬਦਲਾ ਲਊ ਭਾਵਣਾ ਵਿਚ ਕੀਤੇ ਕਾਰੇ ਦਾ ਸਦਕਾ ਜਿੰਨ੍ਹਾਂ ਹਾਲਤਾਂ ਵਿਚ ਆਪ ਜੀ ਇਸ ਮਹਾਨ ਪਦਵੀ ਤੇ ਬਿਰਾਜਮਾਨ ਹੋਏ ਹੋ, ਇਸ ਤੋਂ ਉਹ ਸਾਰਾ ਕੁਝ ਪੰਥਕ ਆਚਰਨ ਦਾ ਧਾਰਮਿਕ ਅੰਗ ਬਣ ਜਾਣਾ ਹੈ । ਪੰਥਕ ਫ਼ਸਾਦਾਂ ਵਿਚ ਵਾਧਾ ਹੋਣ ਦਾ ਅਤੇ ਵਿਸ਼ਵਾਸ਼ਘਾਤ ਨਾਲ ਕਤਲ ਕੀਤੇ ਜਾਣ ਦੀਆਂ ਵਾਰਦਾਤਾਂ ਵਿਚ ਵਾਧਾ ਹੋਣ ਦਾ ਡਰ ਵਧਣਾ ਹੈ । **ਤੁਹਾਡੀ ਇਸ ਨਿਯੁਕਤੀ ਤੋਂ ਗੁਰੂ ਨਾਨਕ ਸਾਹਿਬ ਜੀ ਦੀ (੨੦੦ ਸਾਲ ਤੋਂ ਵੱਧ ਸਮੇ ਵਿਚਲੀਆਂ) ਕੁਰਬਾਨੀਆਂ ਵਾਲੀ ਘਾਲਣਾ ਤੇ, ਪੂਰੀ ਤਰ੍ਹਾਂ ਪਾਣੀ ਫਿਰ ਜਾਣ ਦੀ ਸੰਭਾਵਣਾ ਵਧੀ ਹੈ । ਸਤਿਗੁਰਾਂ ਦਾ ਨਿਰਵੈਰਤਾ, ਨਿਰਭੈਤਾ, ਖਿਮਾ, ਕਿਸੇ ਦਾ ਦਿਲ ਨਾ ਢਾਂਉਣ ਵਾਲਾ, ਦੀਨ ਕੇ ਹੇਤ ਲੜਨ ਵਾਲਾ, ਸਾਰੇ ਦਾ ਸਾਰਾ ਗੁਰਮਤਿ ਸਿੰਧਾਂਤ ਪੱਕੀ ਤਰ੍ਹਾਂ ਖ਼ਤਮ ਹੋ ਕੇ ਆਪਣੇ ਅਸਲੇ ਵਲ ਮੋੜਾ ਖਾ ਸਕਣ ਦੀ ਆਸ ਲਗ-ਪਗ ਖ਼ਤਮ ਹੋ ਜਾਣੀ ਹੈ ।**) ।

ਆਪ ਜੀ ਦੀ ਨਿਯੁਕਤੀ ਤੋਂ ਜੋ ਡਰ ਦਾਸ ਨੇ ਦਸੰਬਰ ੧੯੯੬ ਵਿਚ ਲਿਖ ਭੇਜਿਆ ਸੀ ਤੁਸਾਂ ਪ੍ਰਤੱਖ ਕਰਕੇ ਵਿਖਾ ਦਿੱਤਾ--ਖ਼ਾਲਸਾ ਪੰਥ ਦੀ ਬਦਕਿਸਮਤੀ ਦੇ ਇਤਿਹਾਸ ਵਿਚ ਨਵਾਂ ਅਤੇ ਕਈ ਗੁਣਾ ਵੱਧ ਘਿਣਾਵਣਾ ਕਾਂਡ ਲਿਖਿਆ ਜਾਣ ਦਾ ਨੀਂਹ ਪੱਥਰ ਰਖਿਆ ਗਿਆ। ਇਸ ਘੋਰ ਪਾਪ ਦੀ ਸਿੱਧੀ ਜ਼ਿੰਮੇਵਾਰੀ ਆਪ ਜੀ ਦੀ ਅਤੇ ਉਨ੍ਹਾਂ ਭੱਦਰ ਪੁਰਸ਼ਾਂ ਦੀ ਹੈ ਜਿਨ੍ਹਾਂ ਨੇ ਗੁਰਮਤਿ ਵਿਰੋਧੀ ਧੱਕੇ ਸ਼ਾਹੀ ਵਾਲੀ ਅਥਵਾ ਬਦਲਾ ਲਊ ਮੁਹਿੰਮ ਵਿਚ ਆਪ ਜੀ ਦਾ ਸਾਥ ਦਿੱਤਾ ਹੈ।

**(੭)** ਹੇਠ ਲਿਖੇ ਕਾਰਨਾ ਕਰਕੇ ਤੁਹਾਡੀ ਸਾਰੀ ਕਾਰਵਾਈ (ੳ) ਗੁਰਮਤਿ ਵਿਰੋਧੀ-- (ਅ) ਪੱਖ ਪਾਤ ਵਾਲੀ (ੲ) ਅਥਵਾ ਬਦਲਾ ਲਊ ਰੁਚੀਆਂ ਦੀ ਪੈਦਾਇਸ਼, ਹੋਣ ਦੇ ਕਾਰਨ ਪੰਥ ਲਈ ਵਡੀ ਬਦਕਿਸਮਤੀ ਵਾਲੀ ਹੈ ?

(ੳ) **ਗੁਰਮਤਿ ਵਿਰੋਧੀ** ?----

(1) ਦ੍ਰਿਸ਼ਟਮਾਨ ਸਰੀਰ ਨਾਸਵੰਤ ਹੋਣ ਦੇ ਕਾਰਨ ਇਸ ਦੇ ਵਜੂਦ ਵਿਚ ਨਿਰੰਤਰ ਤਬਦੀਲੀ ਆਉਂਦੀ ਰਹਿੰਦੀ ਹੈ ਇਸ ਕਾਰਨ ਇਸ ਦੀਆਂ ਲੋੜਾਂ ਵੀ ਬਦਲਦੀਆਂ ਰਹਿਣ ਦੇ ਕਾਰਨ ਜਿੰਦਗੀ ਦੇ ਨਿਰਬਾਹ ਲਈ ਲੋੜਾਂ ਅਤੇ ਕਿਰਤ-ਮਰਯਾਦਾ ਵੀ ਸਦਾ ਇੱਕ ਸਾਰ ਨਹੀਂ ਰਹਿ ਸਕਦੀ।

(2) ਸਰੀਰ ਦੀ ਕਿਰਤ ਮਨ ਦੀਆਂ ਕਾਮਨਾ ਦੇ ਅਧੀਨ ਹੈ। ਮਨ ਦੇ ਅੰਦਰ ਦੀ ਭਾਵਣਾ, ਸਰੀਰ ਦੁਆਰੇ ਕੀਤੇ ਉਸੇ ਕਰਮ ਨੂੰ ਪੁੰਨ ਅਤੇ ਉਸੇ ਕਰਮ ਨੂੰ ਹੀ ਪਾਪ ਬਣਾ ਦਿੰਦਾ ਹੈ। ੧- ਇੱਕ ਵਡਾ ਠੱਗ ਆਪਣੇ ਆਪ ਨੂੰ ਲੋਕਾਂ ਵਿਚ ਵਡਾ ਪਰਉਪਕਾਰੀ ਅਤੇ ਦਾਨੀ ਸਿੱਧ ਕਰਨ ਲਈ ਲੰਗਰ ਲਾਵੇ, ਧਰਮ ਅਸਥਾਨ ਬਣਵਾਏ, ਗ਼ਰੀਬਾਂ ਵਿਚ ਧਨ ਵੰਡਣ ਦਾ ਵਿਖਾਵਾ ਕਰੇ ਸਭ ਕੁਝ ਪਾਪ ਹੈ ਪਰ, ਨਿਸ਼ਕਾਮ ਹਿਰਦੇ ਨਾਲ ਕੀਤੀ ਮਾਮੂਲੀ ਸੇਵਾ ਵੀ ਪਰਵਾਨ ਹੈ--ਸੇਵਾ ਕਰਤ ਹੋਇ ਨਿਹਕਾਮੀ ॥ ----? ੨----ਅਹਿਮਦ ਸ਼ਾਹ ਨੇ ਲੋਕਾਂ ਨੂੰ ਲੁੱਟਣ ਲਈ ਡਾਕਾ ਮਾਰਿਆ, ਸਿੰਘਾਂ ਨੇ ਅਹਿਮਦ ਸ਼ਾਹ ਨੂੰ ਲੁੱਟਣ ਲਈ ਡਾਕਾ ਮਾਰਿਆ। ਦੋਹੀ ਥਾਈ ਡਾਕੇ ਹੀ ਮਾਰੇ ਗਏ ਸਨ ਪਰ ਮਨ ਦੀ ਸੋਚਣੀ ਨੇ ਇਕ ਡਾਕਾ ਜ਼ਾਲਮ ਦਾ ਧੱਕਾ ਬਣਾ ਦਿੱਤਾ, ਪਰ ਸਿੰਘ ਦਾ ਡਾਕਾ ਵਡੀ ਕੁਰਬਾਨੀ ਅਤੇ ਨਿਰੋਲ ਪਰ ਉਪਕਾਰ। (੩) ਜੇ ਮਨ ਮੈਲ ਨਾਲ ਭਰਿਆ ਹੋਇਆ ਹੈ ਤਾਂ ਬਾਹਰੀ ਵਿਖਾਵੇ ਵਾਲੀ ਧਰਮ-ਮਰਯਾਦਾ

ਨਿਸਫਲ ਹੈ----(੧) **ਸੀਸਿ ਨਿਵਾਈਐ ਕਿਆ ਥੀਐ ਜਾ ਰਿਦੈ ਕੁਸुਧੇ ਜਾਹਿ ॥** (੨) **ਕਬੀਰ ਮਨੁ ਮੂੰਡਿਆ ਨਹੀਂ ਕੇਸ ਮੁੰਡਾਏ ਕਾਂਇ ॥ ਜੋ ਕਿਛ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥੧੦੧ ॥** ਸਤਿਗੁਰਾਂ ਦੇ ਹੁਕਮ ਤੋਂ ਬਾਹਰੇ ਅੰਮ੍ਰਿਤਧਾਰੀ ਦਾ ਬਾਣਾ ਅਤੇ ਪੰਜਾ ਕਕਾਰਾਂ ਦਾ ਸ਼ਿੰਗਾਰ, ਮੂੰਹ ਵਿਚ ਥੁੱਕ ਪੈਣ ਤੁੱਲ ਵਿਖਾਵਾ ਹੀ ਹੈ ?-- (੩) **ਕਹੈ ਪ੍ਰਭੁ ਅਵਰੁ ਅਵਰ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭ ਲੀਓ ਸੁਗਾਨਿ ਥੂਕ ਮੁਖਿ ਪਈਆ ॥ ੭ ॥** ਸ੍ਰੀ ਆਸਾ ਜੀ ਦੀ ਵਾਰ ਦੀ ੧੪ਵੀ ਪਉੜੀ ਦੇ ਸਲੋਕ ਵਿਚ ਸਤਿਗੁਰਾਂ ਨੇ ਵਿਖਾਵੇ ਵਾਲੇ ਸਾਰੇ ਧਰਮ ਕਰਮਾਂ ਨੂੰ ਫੋਕਟ ਫੁਰਮਾਨ ਕੀਤਾ ਹੈ--**ਸਭਿ ਫੋਕਟ ਨਿਸਚਉ ਕਰਮੰ ॥ (੪) ਨਾਨਕ ਨਾਉ ਖੁਦਾਇ ਕਾ, ਦਿਲਿ ਹਛੈ ਮੁਖਿ ਲੇਹੁ ॥ ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥ ੧ ॥**[੧੪੦] **(੫) ਜੇਤੇ ਜਤਨ ਕਰਤ ਤੇ ਡੂਬੇ, ਭਵ ਸਾਗਰੁ ਨਹੀ ਤਾਰਿਓ ਰੇ ॥ ਕਰਮ ਧਰਮ ਕਰਤੇ ਬਹੁ ਸੰਜਮ, ਅਹੰਬੁਧਿ ਮਨੁ ਜਾਰਿਓ ਰੇ ॥ ੧ ॥** [੩੩੫] ਗੁਰੂ ਬਾਣੀ ਵਿਚ ਅਜੇਹੇ ਹੋਰ ਕਈ ਗੁਰੂ ਫੁਰਮਾਨਾਂ ਦੁਆਰਾ ਵਿਖਾਵੇ ਵਾਲੇ ਧਰਮ ਕਰਮਾਂ ਨੂੰ ਨਿਸਫਲ ਫੁਰਮਾਨ ਕਰਦਿਆਂ ਮਨ ਦੀ ਸਾਧਨਾਂ ਦੇ ਉਪਦੇਸ਼ ਵਾਲੇ ਬੇਅੰਤ ਗੁਰੂ ਸ਼ਬਦ ਲਿਖਣ ਦੀ ਘਾਲਣਾ ਘਾਲੀ ਹੋਈ ਹੈ। ਮਨ ਸੰਬੰਧੀ ਉਪਦੇਸ਼ ਨਾਲ ਸੰਬਧਤ ੧੪੧ ਗੁਰੂ ਫੁਰਮਾਨਾ ਦੇ ਹਵਾਲੇ ਨਾਲ ੪੩ ਪ੍ਰਕਾਰ ਨਾਲ ਮਨ ਦੀ ਗੁਰਮਤਿ ਫ਼ਿਲਾਸਫ਼ੀ ਵਾਲਾ ਲੇਖ ਦਾਸ ਨੇ ਲਿਖ ਰਖਿਆ ਹੈ ਅਤੇ ਗੁਰੂ ਬਾਣੀ ਰਤਨਾਂ ਭਰਪੂਰ ਸਾਗਰ ਵਿਚੋਂ ੫੬੬ ਅਜੇਹੇ ਗੁਰੂ ਸ਼ਬਦਾਂ ਦੀ ਸੂਚੀ ਲਿਖ ਸਕਿਆ ਹਾਂ।

(3) **ਗੁਰੂ-ਇਤਿਹਾਸ ਵਿਚ ਮਰਯਾਦਾ** ਬਦਲਦੀ ਆ ਰਹੀ ਦੇ ਸਬੂਤ-- (੧) ਕੀ ਗੁਰੂ ਦਰਬਾਰਾਂ ਦੀ ਅਤੇ ਹਰ ਗੁਰੂ-ਵਿਅਕਤੀ ਜੀ ਨੇ ਗੁਰਮਤਿ ਪਰਚਾਰ ਲਈ ਨਵੀਂ ਤੋਂ ਨਵੀਂ ਮਰਯਾਦਾ ਨਹੀਂ ਬਣਾਈ ? ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਜਿੰਨਾ ਪੈਦਲ ਸਫ਼ਰ ਮੁੜ ਕਿਸੇ ਨੇ ਕਰਨ ਦੀ ਲੋੜ ਮੰਨੀ ? (੨) ਕੀ ਪੰਜਵੇਂ ਪਾਤਿਸ਼ਾਹ ਜੀ ਨੇ ਘੋੜਿਆਂ ਦੇ ਵਿਪਾਰ ਵਾਲਾ ਅਤੇ ਸਾਹਿਬਜ਼ਾਦਾ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਸ਼ਸਤਰ ਵਿਦਿਆ ਦੀ ਸਿਖਲਾਈ ਕਰਵਾਉਣ ਵਾਲੀ ਮਰਯਾਦਾ ਤੋਰੀ ਅਤੇ ਸੱਚ ਦੀ ਰਾਖੀ ਲਈ ਕਰੜੇ ਤੋਂ ਕਰੜੇ ਤਸੀਹੇ ਝੱਲਦਿਆਂ ਅਡੋਲ ਚਿੱਤ ਰਹਿ ਕੇ ਸ਼ਹੀਦੀ ਪਾਉਣ ਦਾ ਨਵਾਂ ਰਾਹ ਨਹੀਂ ਸੀ ਵਿਖਾਇਆ ? ਕੀ ਇਹ ਨਵੀ ਮਰਯਾਦਾ ਨਹੀਂ ਸੀ ਚਲਾਈ ? ਸੀਸ ਤੇ ਕਲਗੀ ਅਤੇ ਤਖ਼ਤ ਚਵਰ ਸਰੀਰ ਤੇ ਇੱਕ ਦੇ ਥਾਂ ਦੋ ਕਿਰਪਾਨਾਂ, ਕੀ ਇਹ ਮਰਯਾਦਾ ਵਿਚ ਬਦਲੀ ਨਹੀਂ ਸੀ ? ਗੁਰੂ ਦਾ ਲੰਗਰ ਸਿੰਘਾਂ ਨੇ ਘੋੜਿਆਂ ਦੀਆਂ ਕਾਠੀਆਂ ਤੇ ਬੈਠਿਆਂ ਵੀ ਛਕਿਆ--ਫਿਰ ਸਾਡੀ ਹੋਸ਼ ਵਿਚ ਬਾਹਰ ਸੜਦੀ ਧੁੱਪੇ ਘੱਟੇ ਵਿਚ ਪੈਰ ਸੜਦਿਆਂ ਹੱਥਾਂ ਨੇ ਦਾਲ ਫੁਲਕਾ ਛਕਣ ਦਾ ਅਤੇ ਫਿਰ ਦੌੜ ਕੇ ਛਬੀਲ ਤੋਂ ਜਲ ਛਕਣ ਦੀ ਮਰਯਾਦਾ ਸੀ। ਪ੍ਰਬੰਧ ਕਰ ਸਕਣ ਦੀ ਯੋਗਤਾ ਆ ਜਾਣ ਨਾਲ ਬੜੇ ਆਲੀਸ਼ਾਨ ਲੰਗਰ ਹਾਲ ਬਣੇ, ਹੇਠਾਂ ਵਧੀਆ ਟਾਟ ਫੂਹੜੀਆਂ ਆਦਿ ਥਾਲੀਆਂ ਕੌਲੀਆਂ ਗਲਾਸ, ਉਪੱਰ ਬਿਜਲੀ ਦੇ ਪੱਖੇ, ਕੀ ਇਹ ਸਭ ਕੁਝ ਬਦਲਦੀ ਮਰਯਾਦਾ ਦਾ ਸਬੂਤ ਨਹੀਂ ?

ਪਰ--(੧) **ਸਭੇ ਸਾਝੀਵਾਲ ਸਦਾਇਨ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥** (੨) **ਮਿਤ੍ਰ ਸਤ੍ਰ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ ॥** (੩) **ਬੁਰਾ ਭਲਾ ਕਹੁ ਕਿਸੁ ਨੋ ਕਹੀਐ ਸਗਲੇ ਜੀਅ ਤੁਮਾਰੇ ॥ ੧ ॥** (੪) **ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥** (੫) **ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥** ਲੰਗਰ ਦੀ ਤਿਆਰੀ ਸਮੇ, ਵਰਤਾਉਣ ਵਿਚ, ਬੈਠ ਕੇ ਛਕਣ ਵਿਚ--ਊਚ ਨੀਚ ਛੂਤ ਛਾਤ ਦਾ ਪਰਛਾਵਾਂ ਤੱਕ ਨਾ ਪਵੇ, ਹਰ ਦੂਜੇ ਨੂੰ ਆਪਣੇ ਨਾਲੋਂ ਚੰਗਾ ਸਮਝ ਕੇ ਪਿਆਰ ਸਤਿਕਾਰ ਸਹੋਦਰਿਆਂ ਵਾਲਾ ਵਤੀਰਾ, ਸਾਂਝੀ ਵਾਲਤਾ ਵਾਲੇ ਗੁਰਮਤਿ ਦੇ ਅਟੱਲ ਸਿਧਾਂਤ ਵਿਚ ਫ਼ਰਕ ਨਹੀਂ ਆਉਣਾ ਚਾਹੀਦਾ। ਛਕਣ ਛਕਾਣ ਦੀ ਗੱਲ ਜੋ ਸਤਿਗੁਰਾਂ ਨੂੰ ਪਿਆਰੀ ਲੱਗੀ ਉਸ ਦੀ ਉਦਾਹਰਣ ਵਾਲੇ ਕੇਵਲ ਪੰਜ ਗੁਰੂ ਫ਼ੁਰਮਾਨ:--

੧- **ਜਿਸ ਕਾ ਦਿਤਾ ਸਭੁ ਕਿਛੁ ਲੈਣਾ ॥ ਛਤੀਹ ਅੰਮ੍ਰਿਤ ਭੋਜਨੁ ਖਾਣਾ ॥**
**ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗੁ ਕਰਣਾ ਜੀਉ ॥ ੩ ॥** [੧੦੦]-੧੨-੧੯

੨- **ਜਿਸ ਕਾ ਦੀਆ ਪੈਨੈ ਖਾਇ ॥ ਤਿਸੁ ਸਿਉ ਆਲਸੁ ਕਿਉ ਬਨੈ ਮਾਇ ॥ ੧ ॥** [੧੯੫]-੭੬-੧੪੫

੩- **ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥ ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ**
**ਬਰਕਤਿ ਖਾਹਿ ਅਸੰਖ ਕਰੋੜੇ॥ ਤੁਧੁ ਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ ॥**
**ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ ॥ ਓਇ ਹਾਜਰੁ ਮਿਠਾ**
**ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ ॥ ਮਨ ਖੋਟੇ ਦਯਿ ਵਿਛੋੜੇ ॥ ੧੧ ॥** [੩੦੬ ]

੪- **ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥**
**ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ ॥ ੩ ॥** [੪੦੫]-੪-੧੩੯

੫- **ਨੇੜਾ ਹੈ ਦੂਰਿ ਨ ਜਾ ਜਾਣਿਅਹੁ ॥ ਨਿਤ ਸਾਰੇ ਸੰਮਾਲੇ ॥ ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥ ੪ ॥** [੪੮੯]-੧

ਅਜੇਹੇ ਗੁਰੂ ਫ਼ੁਰਮਾਨ ਹੋਰ ਵੀ ਕਈ ਹਨ ਪਰ ਲੰਗਰ ਛਕਣ ਦਾ ਪ੍ਰਬੰਧ ਕੀ ਹੈ, ਇਸ ਬਾਰੇ ਸਤਿਗੁਰਾਂ ਨੇ ਕੋਈ ਹਦਾਇਤ ਗੁਰਬਾਣੀ ਵਿਚ ਨਹੀਂ ਕੀਤੀ। ਏਸੇ ਕਾਰਨ ਰਹਿਤ ਮਰਯਾਦਾ ਦੇ ਖਰੜੇ ਵਿਚ ਵੀ ਹੇਠਾਂ ਉਤੇ ਬੈਠਣ ਦਾ ਕੋਈ ਵੇਰਵਾ ਨਹੀਂ ਹੈ। ਬਸ ਇੱਕ ਦੂਜੇ ਨਾਲ ਹਿਰਦੇ ਤੋਂ ਜੁੜੇ ਰਹਿ ਕੇ ਬੈਠਣ ਦਾ ਪਰਬੰਧ ਸਮਰਥਾ ਅਨੁਸਾਰ ਬਣਾ ਲੈਣ ਦੀ ਆਜ਼ਾਦੀ ਹੈ। ਅਜੇਹੀ ਕਰਮ ਕਾਂਡੀ ਕੋਈ ਵੀ ਬੰਦਸ਼ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਹੀਂ ਲਾਈ। ਤਦੇ ਹੀ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਇਉ ਫ਼ੁਰਮਾਣ ਵਿਚ ਵਡੀ ਪ੍ਰਸੰਨਤਾ ਅਨੁਭਵ ਕੀਤੀ ਦਿੱਸ ਆ ਰਹੀ ਹੈ--

**ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥**
**ਘੋਲਿ ਘੁਮਾਈ ਤਿਸ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥ ੧ ॥**[੯੬੪]

ਕੁਰਸੀਆਂ ਤੇ ਬੈਠ ਕੇ ਲੰਗਰ ਛਕਣ ਵਾਲੇ ਅਧਰਮੀ ਅਤੇ ਜਮੀਨ ਤੇ ਬੈਠ ਕੇ ਛਕਣ ਵਾਲੇ ਧਰਮੀ ਬਣਾ ਦੇਣ ਵਾਲਾ ਇੱਕ ਹੋਰ ਘਿਣਾਵਣਾ ਪਾੜਾ ਪਾ ਦਿੱਤਾ ? ਇਸ ਤੋਂ ਵੱਡੀ ਬਦਕਿਸਮਤੀ ਇਸ ਪੰਥ ਦੀ ਹੋਰ ਕਿਹੜੀ ਹੋਣੀ ਹੈ ? ਜੇ ਕਿਤੇ ਤੁਸੀਂ ਵੀ ਆਪਣੇ ਹੁਕਮਨਾਮੇ ਵਿਚ ਪੰਜ ਗੁਰੂ ਸ਼ਬਦਾਂ ਦਾ ਹਵਾਲਾ ਦਿੱਤਾ ਹੁੰਦਾ ਤਾਂ ਕਦੇ ਕਿਸੇ ਕਿੰਤੂ ਪ੍ਰੰਤੂ ਦੀ ਗੁੰਜਾਇਸ਼ ਹੀ ਨਾ ਹੁੰਦੀ। ਪਰ ਤੁਸੀਂ ਤਾਂ ਪੰਜ ਜਣੇ ਇਕੱਠੇ ਹੋ ਕੇ ਆਪ ਹੀ ਸਭ ਕੁਝ ਬਣ ਬੈਠਦੇ ਹੋ। ਝਗੜਿਆਂ ਦਾ ਕੇਵਲ ਮਾਤ੍ਰ ਕਾਰਨ, ਖਸਮ-ਸਤਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਮਲ ਭੈ ਨੂੰ ਬੇਲੋੜਾ ਮੰਨ ਬਹਿਣਾ ਹੀ ਹੈ।

(੪) ਸਰੀਰ ਦੀ ਮਰਯਾਦਾ ਸਦਾ ਤੋਂ ਬਦਲਦੀ ਆ ਰਹੀ ਹੈ, ਪਰ ਯਾਦ ਰਹੇ ਕਿ **ਮਨ** ਦੀ ਮਰਯਾਦਾ ਇੱਕ ਬਣਾਈ ਜਾ ਸਕਦੀ ਹੈ। ਤਦੇ ਹੀਂ **ਮਨ ਦੀ ਸਿਖਲਾਈ** ਲਈ ਗੁਰਮਤਿ ਵਿਚ ਸਦੀਵੀ ਸਚਾਈ ਵਾਲਾ ਉਪਦੇਸ਼ ਹੈ। ਜਿਸ **ਮਨ** ਬਾਰੇ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫ਼ੁਰਮਾਨ ਹੈ--**ਮਮਾ ਮੂਲ ਗਹਿਆ, ਮਨੁ ਮਾਨੈ ॥ ਮਰਮੀ ਹੋਇ ਸੁ ਮਨ ਕਉ ਜਾਨੈ ॥ ਮਤ ਕੋਈ ਮਨ ਮਿਲਤਾ ਬਿਲਮਾਵੈ ॥**

**ਮਗਨ ਭਇਆ ਤੇ ਸੋ ਸਚੁ ਪਾਵੈ ॥ ੩੧ ॥ ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥ ਮਨ ਹੀ ਮਨ**
**ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥ ੩੨ ॥ ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ**
**ਪੰਚ ਤਤ ਕੋ ਜੀਉ ॥ ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥ ੩੩ ॥[੩੪੨]-**

ਮਨੁੱਖ ਦੇ ਮਨ ਦੀ ਸਾਧਨਾ ਲਈ ਗੁਰਮਤਿ ਗਿਆਨ ਵੰਡਨ ਦੀ ਗੱਲ ਤਾਂ ਕਿਤੇ ਸੁਪਨੇ ਵਿਚ ਵੀ ਨਹੀਂ, ਪਰ ਜਿਸ ਮਰਯਾਦਾ ਬਾਰੇ ਗੁਰੂ ਬਾਣੀ ਵਿਚ ਕੋਈ ਮਹੱਤਤਾ ਹੈ ਹੀ ਨਹੀਂ ਉਸ ਨੂੰ ਧਰਮ ਦਾ ਅੰਗ ਬਨਾਉਣਾ, ਕੀ ਉਸੇ ਹੀ ਗੁਰਸਿੱਖ ਦਾ ਕਰਮ ਹੈ ਜਿਸ ਦੀ ਸੇਵਾ ਹੀ ਸ਼ੁੱਧ ਗੁਰਬਾਣੀ ਸਿਧਾਂਤ ਤੋਂ ਲੋਕਾਂ ਨੂੰ ਜਾਣੂੰ ਕਰਵਾਉਣ ਦੀ ਲੱਗੀ ਹੋਈ ਹੈ। ਅਗੇ ਹੀ ਔਝੜੇ ਪਏ ਪੰਥ ਨੂ ਹੋਰ ਲੀਰੋ ਲੀਰ ਕਰ ਦੇਣ ਵਾਲਾ ਕੀ ਇਹ ਪੰਥਕ ਧ੍ਰੋਹ ਨਹੀਂ ਹੈ ਜੀ ?

ਕੀ, ਤੁਸੀਂ ਉਹ ਸਾਰੇ ਪੰਜ, ਜਾਂ ਵੱਧ ਜਥੇਦਾਰ ਸਾਹਿਬਾਨ ਜਿਨ੍ਹਾਂ ਨੇ ਗੁਰਮਤਿ ਵਿਰੋਧੀ ਹੁਕਮਨਾਮੇ ਜਾਰੀ ਕਰਨ ਦਾ ਕਾਰਜ ਅਰੰਭ ਕਰ ਲਿਆ ਹੈ, ਰਲ ਕੇ ਵੀ ਗੁਰੂ ਬਾਣੀ ਦੇ ਪੰਜ ਅਜੇਹੇ ਗੁਰੂ ਫ਼ੁਰਮਾਨ ਲਿਖ ਕੇ ਭੇਜ ਸਕਦੇ ਹੋ ਜਿਨ੍ਹਾਂ ਤੋਂ ਸਿੱਧ ਹੋਵੇ ਕਿ ਲੰਗਰ ਵਿਚ ਭੁੰਜੇ ਬੈਠ ਕੇ ਭੋਜਨ ਛਕਣਾ ਗੁਰਮਤਿ ਦਾ ਜ਼ਰੂਰੀ ਅੰਗ ਹੈ ? ਪੰਜ ਗੁਰੂ ਸ਼ਬਦ ਛੱਡੋ, ਕਿਸੇ ਇੱਕ ਹੀ ਅਜੇਹੇ ਗੁਰੂ ਸ਼ਬਦ ਦੀ ਦੱਸ ਪਾਉਣ ਦੀ ਕਿਰਪਾ ਕਰ ਭੇਜੋ ਜਿਸ ਤੋਂ ਗੁਰੂ ਦਾ ਲੰਗਰ ਧਰਤੀ ਤੇ ਬੈਠ ਕੇ ਛਕਣ ਦਾ ਸੰਕੇਤ ਮਿਲ ਸਕੇ । ਜੇ ਤੁਸੀਂ ਅਜੇਹਾ ਨਹੀਂ ਕਰ ਸਕਦੇ ਤਾਂ ਸਿੱਧ ਹੈ ਕਿ ਇਹ ਤੁਹਾਡੀ ਆਪਣੀ ਮਤ (ਭਾਵ, ਮਨ ਮਤਿ) ਹੈ ਗੁਰਮਤਿ ਨਹੀਂ ਹੈ। ਖ਼ਾਲਸਾ ਜੀ ਦਾ ਨਿਆਰਾ ਬਣਨਾ ਅਥਵਾ ਨਿਆਰਾ ਰਹਿਣਾ ਤੱਦ ਹੀ ਸੰਭਵ ਹੈ ਜੇ ਉਹ ਸੰਸਾਰ ਦੇ ਸਾਰੇ ਧਰਮਾਂ ਨਾਲੋਂ ਨਿਆਰੇ ਗਿਆਨ ਵਾਲੀ ਗੁਰਮਤਿ ਦੇ ਅਨੁਸਾਰ ਜੀਊਣਾ ਸਿੱਖੀ ਰੱਖਣ। ਆਪ ਜੀ ਦੀ ਸਾਰੀ ਕਾਰਵਾਈ ਗੁਰਮਤਿ ਵਿਰੋਧੀ ਹੋਣ ਵਿਚ ਜ਼ਰਾ ਵੀ ਸ਼ੱਕ ਨਹੀਂ ਹੈ।

**ਸਰੀਰ ਦੀ ਮਰਯਾਦਾ** ਦੀ ਗੱਲ ਕੇਵਲ ਇੱਕ ਹੀ ਗੁਰੂ ਸ਼ਬਦ ਵਿਚ ਕੀਤੀ ਅਨੁਭਵ ਹੁੰਦੀ ਹੈ ਪਰ ਉਸ ਵਿਚ ਵੀ ਪ੍ਰਸ਼ਾਦਾ ਛਕਣ ਦੀ ਵਿਧੀ ਲਿਖਣ ਦੀ ਲੋੜ ਸਤਿਗੁਰਾਂ ਨੇ ਨਹੀਂ ਸਮਝੀ:--

੧- **ਸਤਿਗੁਰ ਕਾ ਜੋ ਸਿਖੁ ਅਖਾਵੈ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿੱਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥**[੩੦੫-੬]-ਵਾਰ-੧੧

## (ਅ) ਪੱਕਾ ਪੱਖ ਪਾਤੀ ਵਤੀਰਾ ?

ਆਪ ਜੀ ਦੀ ਕਾਰਵਾਈ ਪੱਖ ਪਾਤ ਵਾਲੀ ਕਹਿਣ ਦੇ ਕਾਰਨ ਦਾ ਵੇਰਵਾ ਇਸ ਪ੍ਰਕਾਰ ਹੈ--

ਨਾਨਕ ਸਰੀਆਂ ਵਿਰੁਧ ਕਿਸ ਕਾਰਨ ਕੋਈ ਸੇਧ ਪੱਤਰ ਵੀ ਜਾਰੀ ਕਰਨ ਦੀ ਲੋੜ ਨਹੀਂ ਸਮਝੀ ਜਦ ਕਿ-

(੧) ਨਾਨਕ ਸਰੀਆਂ ਵਲੋਂ ਛਪਾਏ ਗਏ ਸੁਖਮਨੀ ਸਾਹਿਬ ਦੇ ਗੁਟਕੇ ਦੇ ੧੨ ਸਫੇ ਤੇ ਸਪੱਸ਼ਟ ਲਿਖਿਆ ਹੈ--**ਤੇਰੇ (ਕਲਿਜੁਗ ਦੇ) ਰਾਜ ਵਿਚ ਗੁਰੂ ਨਾਨਕ ਦਾ ਪਹਿਰਾ ਹੈ । ਦੱਸ ਜਾਮੇ ਪ੍ਰਗਟ ਤੇ ੭੪ ਜਾਮੇ ਸੰਤ ਦੇ ਰੂਪ ਵਿਚ, ਸਾਰੇ ਜੁਗ ਪਹਿਰਾ ਕਾਇਮ ਰੱਖਣਾ ਹੈ** " ਨਾਨਕ ਸਰੀਏ ਸੰਤ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੀ ਜੋਤਿ ਦਾ ਮਾਲਕ ਮੰਨਦੇ ਹਨ । ਅਮਰ ਸਿੰਘ ਬਾਰੇ ਵੀ ਮਸ਼ਹੂਰ ਹੈ ਕਿ ਉਹ ਆਪਣੇ ਆਪ ਨੂੰ ਨਾਨਕ ਹੀ ਕਹਿੰਦਾ ਹੈ।

(੨) ਗੁਰੂ ਕੇ ਲੰਗਰ ਨੂੰ ਬਿਨਾ ਭੇਤ ਭਾਵ ਦੇ ਰਲ ਮਿਲ ਕੇ ਤਿਆਰ ਕਰਕੇ ਇੱਕ ਥਾਂ ਬੈਠ ਕੇ ਛਕਣ ਦੀ ਮਰਯਾਦਾ ਨਾਨਕ ਸਰੀਆਂ ਨੇ ਉੱਕੀ ਦੀ ਹਟਾ ਕੇ ਆਪਣੇ ਆਪਣੇ ਘਰਾਂ ਤੋਂ ਲੰਗਰ ਪਕਾ ਕੇ ਲਿਆ ਕੇ ਠਾਠ ਵਿਚ ਬੈਠ ਕੇ ਖਾਣ ਦੀ ਗੁਰਮਤਿ ਵਿਰੋਧੀ ਮਰਯਾਦਾ ਚਲਾ ਰੱਖੀ ਹੈ। ਜਿਸ ਤੋਂ ਸਰਬ ਸਾਂਝੀ ਅਤੇ ਉਚ-ਨੀਚ ਦਾ ਭੇਤ ਭਾਵ ਮਿਟਾਉਣ ਵਾਲੀ ਮਰਯਾਦਾ ਲਈ ਸਖ਼ਤ ਖ਼ਤਰਾ ਬਣ ਜਾਣਾ ਕੁਦਰਤੀ ਹੈ।

(੩) ਗੁਰੂ ਦੁਆਰੇ ਤੇ ਨਿਸ਼ਾਨ ਸਾਹਿਬ ਝੂਲਦਾ ਰੱਖਣ ਦੀ ਗੁਰਮਤਿ ਮਰਯਾਦਾ ਬੰਦ ਕਰ ਦਿੱਤੀ ਹੋਈ ਹੈ।

(੪) ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਵਡੀ ਤਸਵੀਰ ਸਥਾਪਤ ਕਰਕੇ ਉਸ ਕਮਰੇ ਦਾ ਨਾਮ ਸੱਚਖੰਡ ਰਖ ਕੇ ਮੂਰਤੀ ਪੂਜਾ ਦਾ ਬ੍ਰਾਹਮਣੀ ਸੰਕਲਪ ਪੰਥ ਵਿਚ ਸੁਰਜੀਤ ਕਰਕੇ ਗੁਰੂ ਬਾਣੀ ਦੇ ਅਨੇਕ ਪਾਵਨ ਸ਼ਬਦਾਂ ਦੀ ਖੰਡਨਾ ਕਰ ਰਹੇ ਹਨ।

ਪੰਥ ਦਾ ਹਿੱਸਾ ਬਣੇ ਇਹ ਨਾਨਕ ਸਰੀਏ ਪੰਥ ਨਾਲੋਂ ਅੱਡਰੇ ਹੋ ਚੁੱਕੇ ਨਿਰੰਕਾਰੀਆਂ ਨਾਲੋਂ ਪੰਥ ਲਈ ਕਈ ਗੁਣਾ ਵੱਧ ਹਾਨੀ ਕਾਰਕ

ਹਨ। ਉਨ੍ਹਾਂ ਵਿਰੁੱਧ ਹੁਕਮਨਾਮਾ ਜਾਰੀ ਕਰਨ ਦੇ ਥਾਂ ਮਨ ਮਤੀਆਂ ਦੇ ਗੜ੍ਹ ਉਸ ਡੇਰੇ ਤੋਂ ਸਨਮਾਨਤ ਹੋਣਾ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਘੋਰ ਬੇਅਦਬੀ ਨਹੀਂ ਹੈ ਜੀ ?

(੫) ਵੈਨਕੂਵਰ ਵਿਚ ਨਾਨਕ ਸਰੀਆਂ ਦੇ ਗੁਰਦੁਆਰੇ ਉਸੇ ਤਰ੍ਹਾਂ ਕੁਰਸੀਆਂ ਤੇ ਹੀ ਬੈਠ ਕੇ ਲੰਗਰ ਛਕਿਆ ਜਾਂਦਾ ਦਾਸ ਨੇ ਅੱਖੀ ਵੇਖਿਆ ਹੈ, ਅਤੇ ਹੋਰ ਵੀ ਗੁਰੂ ਕੇ ਲੰਗਰ ਹਨ ਜਿਥੇ ਉਵੇ ਹੀ ਕੁਰਸੀਆਂ ਪਈਆਂ ਹਨ ਪਰ ਗ੍ਰੰਥੀਆਂ ਸਮੇਤ ਉਨ੍ਹਾਂ ਦੇ ਪਰਬੰਧਕਾਂ ਵਿਚੋਂ ਕਿਸੇ ਨੂੰ ਵੀ ਕੁਝ ਨਹੀਂ ਆਖਿਆ ਗਿਆ। ਕੇਵਲ ਸਰੀ ਅਤੇ ਰੌਸ ਦੇ ਗੁਰਦੁਆਰੇ ਤੇ ਹੀ ਅਜੇਹੀ ਕ੍ਰੋਪੀ ?

**(ਏ) ਬਦਲਾ ਲਊ ਦੁਸ਼ਮਣੀ ਭਾਵਣਾ:**--ਉਪ੍ਰੋਕਤ ਪੱਖਪਾਤੀ ਵਤੀਰੇ ਦੀ ਗਾਥਾ ਆਪਣੇ ਆਪ ਵਿਚ ਪੱਕਾ ਸਬੂਤ ਹੈ । ਕ੍ਰੋਪੀ ਦਾ ਕਾਰਨ ਵੀ ਸਪੱਸ਼ਟ ਹੈ । ਕਿਉਂਕਿ ਤੁਹਾਡੇ ਵਲੋਂ ਜਾਰੀ ਕੀਤੇ ਤਿੰਨੇ ਫ਼ੁਰਮਾਨ(੧) --No--੯੧/ਏ ਕੇ/੯੭ ਡੇਤ ੧੪/੧/੧੯੯੭ (੨) No. ੦੨/ਏ। ਟੀ/੯੭ ਡਅਤੇ ੧੮-੧-੧੯੯੭ ਅਤੇ (੩) (ਨੰਬਰ ਮਿਟਿਆ ਹੋਇਆ ਹੈ) ਜਨਵਰੀ ੨੩ ੧੯੯੭ (ਇਹ ਚਿੱਠੀ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫਤਰ ਦੇ ਪੈਡ ਤੇ ਹੈ ਅਤੇ ਇਹ ਉਸ ਚਿੱਠੀ ਦੇ ਉਤਰ ਵਿਚ ਹੈ ਜੋ ਬਲਵੰਤ ਸਿੰਘ ਗਿੱਲ ਨੇ ਤੁਹਾਨੂੰ ਲਿਖੀ ਸੀ। ਤੁਹਾਡੀ ਇਹੀ ਚਿੱਠੀ ਪਹਿਲਾਂ ਉਨ੍ਹਾਂ ਕੋਲ ਪੁੱਜ ਗਈ ਸੀ ਜਿਨ੍ਹਾਂ ਦੇ ਵਿਰੁੱਧ ਬਲਵੰਤ ਸਿੰਘ ਨੇ ਸ਼ਕਾਇਤ ਲਿਖੀ ਸੀ। ਇਸ ਚਿੱਠੀ ਦੇ ਕਾਰਨ ਵਿਰੋਧੀ ਧੜਾ ਬੜਾ ਹੀ ਉਤੇਜਤ ਹੋ ਗਿਆ ਅਤੇ ਬਲਵੰਤ ਸਿੰਘ ਨੂੰ ਮੱਸਾ ਰੰਘੜ ਕਹਿ ਕੇ ਉਸ ਦੀ ਪਾਰਟੀ ਤੇ ਮਾਰੂ ਹਮਲੇ ਕਰਨ ਦੀਆਂ ਧਮਕੀਆਂ ਰੇਡੀਓ ਤੇ ਮਿਲਣ ਲੱਗ ਪਈਆਂ ਅਤੇ ਗੋਰਿਆਂ ਦੀ ਪੁਲੀਸ ਨੂੰ ਬੜਾ ਕਰੜਾ ਪਹਿਰਾ ਦੇਣਾ ਪਿਆ। ਫਿਰ ਸੰਗਤਿ ਵਲੋਂ ਬੜੇ ਰੋਸ ਮਈ ਸ਼ਬਦਾਂ ਵਿਚ ਆਪ ਜੀ ਦੀ ਸੇਵਾ ਵਿਚ ਚਿੱਠੀ ਭੇਜੀ ਗਈ ਸੀ। ਅਵੱਲ ਤਾਂ ਉਸ ਚਿੱਠੀ ਦਾ ਅੱਖਰ ਅੱਖਰ ਆਪ ਜੀ ਨੂੰ ਜ਼ਬਾਨੀ ਯਾਦ ਹੋਣਾ ਹੈ ਨਹੀਂ ਤਾਂ ਆਪਣੇ ਦਫ਼ਤਰ ਵਿਚੋਂ ਕਢਾ ਕੇ ਸਾਰਾ ਕੁਝ ਪੜ੍ਹ ਕੇ ਆਪਣੇ ਅੰਦਰ ਬੈਠੇ ਸੱਚੇ ਨਿਆਂ ਕਾਰ ਦੀ ਕਚਹਿਰੀ ਹਾਜ਼ਰ ਹੋ ਕੇ **ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ** ਕਰਕੇ ਵਿਚਾਰੋ, ਕੀ, ਤੁਹਾਡੀ ਅਜੋਕੀ ਸਾਰੀ ਕਾਰਵਾਈ ਬਦਲਾ ਲਊ ਭਾਵਣਾ ਦੀ ਉਪਜ ਨਹੀਂ ਹੈ ਜੀ ?

## (੮) ਨਾਲ ਨੱਥੀ (੩) ਅੰਗ੍ਰੇਜ਼ੀ ਦੀ ਚਿੱਠੀ ਵਿਚ ਅਖ਼ਬਾਰੀ ਖ਼ਬਰ ਦੇ ਉਤਾਰੇ ਦੀ ਚਰਚਾ---

(ੳ) ਪੜ੍ਹੋ ਪੰਜਾਬੀ ਵਿਚ ਛਪੀ ਅਖ਼ਬਾਰੀ ਖ਼ਬਰ। **ਪਹਿਲੀ** ਵਡੀ ਦੁਖਦਾਈ ਗੱਲ-- ਆਪ ਜੀ ਦਾ ਇਹ ਕਹਿਣਾ ਕਿ, ਸ਼ਰਾਰਤੀ ਸ਼ਕਤੀਆਂ ਤੁਹਾਨੂੰ ਬਦਨਾਮ ਕਰਨਾ ਚਾਹੁੰਦੀਆਂ ਹਨ--**ਪੰਥਕ ਬਦਕਿਸਮਤੀ ਹੈ** । ਤੁਹਾਡੇ ਮੁਖਾਰਬਿੰਧ ਵਿਚੋਂ ਤਾਂ ਹਰ ਸਮੇ ਏਹੀ ਬਚਨ ਸੁਣੇ ਜਾਣੇ ਲੋੜੀਏ---**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥** ਵੈਰ ਭਾਵਣਾ ਵਾਲੇ ਬਚਨ ਤੁਹਾਡੇ ਆਪਣੇ ਅੰਦਰ ਦੀਆਂ ਬਦਲਾ ਲਊ ਰੁਚੀਆਂ ਦੀ ਉਪਜ ਹਨ। **ਦੂਜੀ** ਦੁਖਦਾਈ ਗੱਲ--ਆਪ ਜੀ ਦੀ ਜਥੇਦਾਰੀ ਦਾ ਸਾੜਾ ਉਸ ਨੂੰ ਹੋਵੇ ਜਿਹੜਾ ਤੁਹਾਡੀ ਥਾਂ ਆਪ ਸੰਭਾਲਣੀ ਚਾਹੁੰਦਾ ਹੋਵੇ। ਪਰ ਅੱਜ ਜਿਹੜੇ ਲੋਕ ਕੁਰਲਾ ਰਹੇ ਹਨ ਉਨ੍ਹਾਂ ਵਿਚੋਂ ਕੋਈ ਵੀ ਤੁਹਾਡੀ ਥਾਂ ਮੱਲਣ ਦਾ ਉਮੀਦਵਾਰ ਨਹੀਂ ਹੈ। ਆਪ ਜੀ ਤੋਂ ਦੁਖੀ ਹੋਣ ਵਾਲੀ ਹਾਲਤ ਤਦ ਬਣ ਸਕਦੀ ਹੈ ਜਦ ਤੁਸੀਂ ਗੁਰਮਤਿ ਅਨੁਸਾਰ ਵਿਹਾਰ ਕਰਨ ਦੇ ਥਾਂ ਆਪ ਹੁਦਰੇ ਬਣ ਖਲੋਵੋ। ਕਿਸੇ ਦੀ ਕੀ ਮਜਾਲ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਵਿਅਰਥ ਬਦਨਾਮ ਕਰੇ ?

(ਅ) ਮੰਨ ਲਉ ਕਿ ਆਪ ਜੀ ਨੂੰ ਅਮਰਸਿੰਘ ਵਿਰੁੱਧ ਬਲਾਤਕਾਰ ਹੋਣ ਦੀ ਸ਼ਕਾਇਤ ਨਹੀਂ ਸੀ ਪੁੱਜੀ। ਪਰ ਨਾਨਕ ਸਰੀਆਂ ਦੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਤਾਂ ਤੁਹਾਥੋਂ ਲੁਕੀਆਂ ਹੋਈਆਂ ਨਹੀਂ ਹਨ ? ਉਨ੍ਹਾਂ ਕੋਲੋਂ ਸਨਮਾਨਤ ਹੋਣਾ ਕੀ ਉਨ੍ਹਾਂ ਦੀ ਹਰ ਗੁਰਮਤਿ ਵਿਰੋਧੀ ਗੱਲ ਬਾਰੇ ਸ੍ਰੀ ਅਕਾਲ ਤਖ਼ਤ ਵਲੋਂ ਪ੍ਰਵਾਣਗੀ ਦਾ ਪਰਵਾਨਾ ਨਹੀਂ ਹੈ ਜੀ ?

**(ੲ)** ਫਿਰ ਇਹ ਵੀ ਸੱਚ ਹੈ ਕਿ ਤੁਸੀਂ ਆਪਣੀ ਉਸ ਚਿੱਠੀ ਬਾਰੇ ਇਹ ਫੁਰਮਾ ਦਿੱਤਾ ਸੀ ਕਿ ਕਿਸੇ ਨੇ ਤੁਹਾਡੇ ਜਾਅਲੀ ਦਸਤਖ਼ਤ ਕਰਕੇ ਆਪ ਹੀ ਚਿੱਠੀ ਲਿਖ ਦਿੱਤੀ ਹੋਣੀ* ਹੈ। ਜੇ ਆਪ ਜੀ ਦਾ ਇਹ ਕਹਿਣਾ ਸੱਚ ਸੀ ਤਾਂ ਏਸੇ ਸੰਬੰਧ ਵਿਚ ਮਿਤੀ ੧੭ ਅਪਰੈਲ ੧੯੯੭ ਨੂੰ ਲਿਖੀ ਚਿੱਠੀ ਮਿਤੀ ੩-੭-੧੯੯੭ ਨੂੰ ੪-੪੩ ਵਜੇ ਦਿਨੇ ਫੈਕਸ ਨੰਬਰ 553919 ਤੇ ਦੁਬਾਰਾ ਭੇਜਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਾ ਕੀਤੀ ਜਾਣੀ ਆਪ ਜੀ ਦੀ ਜਥੇਦਾਰੀ ਤੇ ਵਡਾ ਬਦਨੁਮਾ ਧੱਬਾ ਹੈ । ਉਹ ਬੇਨਤੀ ਪੱਤਰ ਕਢਵਾ ਕੇ ਪੜ੍ਹੋ ਅਤੇ ਅੰਦਰ ਬੈਠੇ--**(ਅੰਦਰਿ ਰਾਜਾ ਤਖਤ ਹੈ** ਆਪੇ ਕਰੈ ਨਿਆਉ)--ਨਿਆਕਾਰ ਰਾਜੇ ਦੇ ਸਾਹਮਣੇ ਹੋ ਕੇ ਵਿਚਾਰੋ ਕਿ, ਤੁਸੀਂ ਕਿਸ ਰਾਹੇ ਤੁਰੇ ਜਾ ਰਹੇ ਹੋ?

ਕੀ ਕਿਤੇ ਸਤਿਗੁਰਾਂ ਦਾ ਇਹ ਬਚਨ ਤੁਹਾਡੇ ਤੇ ਪੂਰਾ ਤਾਂ ਨਹੀਂ ਉਤਰ ਰਿਹਾ ਜੀ--ਅਵਰ ਉਪਦੇਸੈ ਆਪਿ ਨ ਕਰੇ ॥ ਆਵਤ ਜਾਵਤ ਜਨਮੈ ਮਰੈ ॥ [੨੬੯]--**ਯਥਾ---ਬਾਹਰਿ ਭੇਖਿ ਕਰਹਿ ਘਨੇਰੇ ॥ ਅੰਤਰਿ ਬਿਖਿਆ ਉਤਰੀ ਘੇਰੇ ॥ ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥ ੩ ॥ [੩੭੨]**

## (੮) ਪੱਸਰ ਰਹੇ ਹਨੇਰ ਦੇ ਇਸ ਪਾਸੇ ਵੀ ਚਾਨਣਾ ਪਾਉਣ ਦੀ ਲੋੜ ਹੈ

(੧) ਕੀ, ਨਿਰੰਕਾਰੀ ਮੁਖੀ ਦੇ ਕਤਲ ਨਾਲ ਨਿਰੰਕਾਰੀਆਂ ਦਾ ਗੁਰਮਤਿ ਵਿਰੋਧੀ ਪਰਚਾਰ ਬੰਦ ਹੋ ਗਿਆ ਹੈ ਕਿ ਜਾਂ ਅੱਗੇ ਨਾਲੋਂ ਵੱਧ ਫੈਲ ਰਿਹਾ ਹੈ ? ਨਿਰੰਕਾਰੀ ਮੁਖੀ ਦੇ ਕਤਲ ਨਾਲ ਪੰਥਕ ਤੌਰ ਤੇ ਸਾਨੂੰ ਕੀ ਲਾਭ ਹੋਇਆ ਹੈ ? ਕੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਕਿਸੇ ਵਿਦਵਾਨ ਅਤੇ ਹਰ ਪੱਖੋਂ ਯੋਗ ਗੁਰਮਖ ਨੂੰ ਸੌਂਪੀ ਜਾਣ ਵਾਲੀ ਮਹਾਨ ਜ਼ਿੰਮੇਵਾਰੀ ਹੈ, ਕਿ, ਜਾਂ ਇਨਾਮ ਵਿਚ ਦਿੱਤੀ ਜਾਣ ਵਾਲੀ ਸੁਗ਼ਾਤ ਹੈ ?

(੨) ਪੰਥਕ ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿਚ ਅਖੰਡ ਪਾਠ ਦੇ (ਅ) ਭਾਗ ਵਿਚ ਲਿਖਿਆ ਇਉਂ ਹਦਾਇਤ ਲਿਖੀ ਹੈ--ਅਖੰਡ ਪਾਠ ਜਿਸ ਪਰਵਾਰ ਨੇ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਕਿਸੇ ਆਦਮੀ, ਸਾਕ ਸੰਬੰਧੀ ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ । ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ ਪਰ ਇਹ ਨਾ ਹੋਵੇ ਕਿ ਪਾਠੀ ਇੱਕਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ

ਹੋਵੇ " ਪਰ ਸ੍ਰੀ ਦਰਬਾਰ ਸਾਹਿਬ ਵਿਚ ਇਸ ਮਰਯਾਦਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਮਰਜੀ ਅਨੁਸਾਰ ਮਾਇਆ ਲੈ ਕੇ ਬੁੱਕ ਕੀਤੇ ਪਾਠ ਕਰਨ ਵਾਲੇ ਭਾੜੇ ਦੇ ਵਗਾਰੀ। ਘਰਦਿਆਂ ਨੂੰ ਕੋਈ ਪਤਾ ਤੱਕ ਨਹੀਂ ਕਿ ਉਨ੍ਹਾਂ ਦੇ ਪਾਠ ਦਾ ਕਦੋਂ ਅਤੇ ਕੀ ਬਣਿਆਂ ? ਅਚਨਚੇਤ ਮੁੱਖਵਾਕ ਵਾਲਾ ਪਰਚਾ ਪੁੱਜ ਜਾਂਦ ਹੈ । ਏਨੇ ਲੰਮੇ ਸਮੇ ਪਿੱਛੋ ਪੁੱਜੇ ਨੂੰ ਪਛਾਣੇ ਕਿਹੜਾ ? ਬਹੁਤੀ ਵਾਰੀ ਪਾਵਨ ਮੁੱਖਵਾਕ ਵਾਲਾ ਉਹ ਪਰਚਾ ਰੱਦੀ ਦਾ ਟੁਕੜਾ ਬਣ ਕੇ ਰਹਿ ਜਾਂਦਾ ਹੈ। ਲੋਕਾਂ ਨਾਲ ਠੱਗੀ ਅਤੇ ਰਹਿਤ ਮਰਯਾਦਾ ਦੀ ਘੋਰ ਖੰਡਣਾ ? ਇਸ ਅਨਰਥ ਦੀ ਜ਼ਿਮੇਵਾਰੀ ਕਿਸ ਤੇ ? ਰਹਿਤ ਮਰਯਾਦਾ ਦੇ ਜਿਸ ਖ੍ਰੜੇ ਬਾਰੇ ਇਹ ਕਿਹਾ ਜਾ ਰਿਹਾ ਕਿ ਇਹ ਸਾਰੇ ਪੰਥ ਦੀ ਸੁਮਲਿਤ ਰਾਏ ਨਾਲ ਤਿਆਰ ਕੀਤਾ ਗਿਆ ਸੀ, ਉਸ ਰਹਿਤ ਮਰਯਾਦਾ ਦੀ ਭਰਪੂਰ ਖੰਡਨਾਂ ਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਤੋਂ ਹੀ ਅਰੰਭ ਹੋ ਚੁੱਕੀ ਹੋਵੇ ਤਾਂ ਦੂਜਿਆਂ ਲਈ ਉਪਦੇਸ਼ ਦਾ ਅਰਥ ਕੀ ਰਹਿ ਗਿਆ ? **ਅਵਰ ਉਪਦੇਸੇ .....**

(੪) ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਉਸ ਆਦਰ ਸਤਿਕਾਰ ਨਾਲ ਦੂਜੀ ਥਾਂ ਤੇ ਲਿਜਾਇਆ ਜਾਂਦਾ ਹੈ ਅਥਵਾ ਭੇਜਿਆਂ ਜਾਂਦਾ ਹੈ ਜਿਸ ਸ਼ਾਹੀ ਠਾਠ ਨਾਲ ਜਥੇਦਾਰ ਸਾਹਿਬ ਨੂੰ ਮੋਟਰਾਂ ਦੇ ਜਲੂਸ ਵਿਚ ਇਕ ਥਾਂ ਤੋਂ ਦੂਜੀ ਥਾਂ ਲਿਜਾਇਆ ਜਾਂਦਾ ਹੈ । ਕੀ ਜਥੇਦਾਰ ਅਜਨੋਆ ਜੀ ਤੱਕ ਅਥਵਾ ਪ੍ਰੋਫੈਸਰ ਦਰਸ਼ਨ ਸਿੰਘ ਤੋਂ ਪਹਿਲੇ ਜਥੇਦਾਰਾਂ ਨੂੰ ਏਹੀ ਕੁਝ ਸਹੂਲਤਾਂ ਸਨ ਜੋ ਅੱਜ ਤੁਹਾਨੂੰ ਦਿੱਤੀਆਂ ਜਾ ਰਹੀਆਂ ਹਨ ? ਅਤੇ ਫਿਰ ਅੱਜ ਲਈ ਪਹਿਰੇਦਾਰਾਂ ਦਾ ਪ੍ਰਬੰਧ ਕਿਸ ਕਾਰਨ ? ਸਤਿਗੁਰਾਂ ਦੇ ਸੇਵਾਦਾਰਾਂ ਦੀ ਸ਼ਾਨ ਵਧਾਉਣ ਵਾਲਾ ਇਹ ਸ਼ਾਹੀ ਜਲਾਲ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਰ ਪੱਖੋਂ ਆਪਣੇ ਨਾਲੋਂ ਨੀਵੀਂ ਪੱਧਰ ਤੇ ਨਹੀਂ ਲਈ ਜਾ ਰਿਹਾ ?

(੫) ਪੰਥ ਵਿਚ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਵਿਰੋਧੀ ਵਿਚਾਰਾਂ ਦੇ (ਮਾਸ ਖਾਣਾ ਜਾਂ ਨਾ ਖਾਣਾ,--ਰਾਗਮਾਲਾ--ਸ੍ਰੀ ਦਸਮਗ੍ਰੰਥ- ਆਦਿ) ਟਕਰਾਉ ਚਲ ਰਹੇ ਸਨ ਉਨ੍ਹਾਂ ਨੂੰ ਸਮਾਪਤ ਕਰਨ ਦੀ ਗੱਲ ਸੋਚਣ ਦੇ ਥਾਂ, ਕੁਰਸੀਆਂ ਵਾਲਾ ਨਵਾਂ ਅਤੇ ਸਭ ਤੋਂ ਵਡਾ ਦੁਖਦਾਈ ਮਸਲਾ ਜਿਸ ਨੇ ਦਿਨੋ ਦਿਨ ਭਿਆਨਕ ਤੋਂ ਭਿਆਨਕ ਰੂਪ ਧਾਰਦੇ ਤੁਰੇ ਜਾਣਾ ਹੈ--ਖੜਾ ਕਰ ਦਿੱਤਾ। ਤੁਹਾ**ਡੀ ਇਸ ਦੇਣ ਨੇ (ਕਦੇ ਸ਼ਾਹੀ ਜਲਾਲ ਵਾਲੇ ਸੰਤ ਸੂਰਮਿਆਂ ਦੇ) ਇਸ ਪੰਥ ਨੂੰ ਵਿਦੇਸ਼ਾਂ ਵਿਚ ਪੂਰੀ ਤਰ੍ਹਾਂ ਹਾਸੋ ਹੀਣਾ ਬਣਾ ਕੇ ਰੱਖ ਦਿੱਤਾ ? ਪੰਥ ਵਿਚ ਸਦਾ ਇੱਕ ਸੁਰਤਾ ਬਣਾਈ ਰੱਖਣ ਦੀ ਜ਼ਿੰਮੇਵਾਰੀ ਵਾਲੀ** - **ਸਰਬ-ਉੱਚ** ਪਦਵੀ ਵੱਲ ਅਜੇਹੇ ਪੱਤਰ ਲਿਖਣ ਦੀ ਲੋੜ ਪੈਣੀ ਸਭ ਤੋਂ ਗੰਭੀਰ **ਪੰਥਕ ਬਦਕਿਸਮਤੀ ਹੈ।**

**ਦਾਸ ਨੇ ਇਸ ਬੇਨਤੀ ਪੱਤਰ** ਵਾਲੇ ਲਫਾਫ਼ੇ ਦੇ ਬਾਹਰ " ਤੁਹਾਡਾ ਨੱਜੀ ਅਤੇ ਖ਼ੁਫ਼ੀਆ " ਲਿਖ ਦਿੱਤਾ ਹੈ। ਦਾਸ ਨੇ ਪੰਥਕ ਦਰਦ ਦੇ ਕਾਰਨ ਸਭ ਕੁਝ ਲਿਖਿਆ ਹੈ। ਦਾਸ ਦੇ ਵਿਚਾਰ ਜੇ ਗੁਰਮਤਿ ਵਿਰੋਧੀ ਹਨ ਜਾਂ ਪੰਥ ਦੇ ਹਿਤਾਂ ਲਈ ਹਾਨੀ ਕਾਰਕ ਹਨ ਤਾਂ ਇੱਕ ਮਹੀਨੇ ਵਿਚ ਦਾਸ ਨੂੰ ਸੂਚਤ ਕਰ ਦੇਣਾ, ਇਸ ਪੱਤਰ ਨੂੰ ਖ਼ੁਫ਼ੀਆਂ ਹੀ ਰਖਿਆ ਜਾਵੇਗਾ। ਨਹੀਂ ਤਾਂ ਆਪਣੇ ਇਨ੍ਹਾਂ ਯਤਨਾਂ ਨੂੰ ਪੰਥ ਦੀ ਅਮਾਨਤ ਸਮਝ ਕੇ ਆਪ ਜੀ ਵੱਲ ਲਿਖੇ ਸਾਰੇ ਪੱਤਰ **ਪੰਥ ਦੀ ਕਚਹਿਰੀ ਵਿਚ ਪੇਸ਼ ਹੋਣ ਲਈ ਪ੍ਰੈਸ ਦੇ ਹਵਾਲੇ ਕਰਨ ਵਿਚ ਝਿਜਕ ਨਹੀਂ ਮੰਨੀ ਜਾਵੇਗੀ। ਸਾਰਿਆਂ ਸਿੱਟਿਆਂ ਦੀ ਜ਼ਿਮੇਵਾਰੀ ਆਪ ਜੀ ਤੇ ਹੋਵੇਗੀ ਜੀ।**

**ਹੋਈਆਂ ਭੁੱਲਾਂ ਵਿਚ ਸੁਧਾਰ ਕਰਨ ਲਈ ਸਦਾ ਬੈਚੈਨ ਅਤੇ ਗੁਰਮਤਿ ਅਨੁਸਾਰ ਜੀਵਨ ਜੀ ਰਹੇ ਗੁਰਮੁਖਾਂ ਦੀ ਚਰਨਧੂੜ--**

**ਦਾਸ** ਗੁਰਬਖ਼ਸ਼ ਸਿੰਘ